# ਪੰਜਾਬ ਸਰਕਾਰ,
# (ਡਾਇਰੈਕਟੋਰੇਟ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ)
# ਐਸ.ਸੀ.ਓ. ਨੰਬਰ:148-49, ਸੈਕਟਰ: 34-ਏ, ਚੰਡੀਗੜ੍ਹ।



ਕੈਪਟਨ ਅਮਰਿੰਦਰ ਸਿੰਘ

ਮੁੱਖ ਮੰਤਰੀ

## ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ
## ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ - 2018-19

**ਆਖਰੀ ਮਿਤੀ: 30.09.2018 (ਨਵੀਂ ਦਰਖਾਸਤਾਂ ਵਾਸਤੇ ਅਤੇ ਰਿਨਿਊਲ ਦਰਖਾਸਤਾਂ ਵਾਸਤੇ )**

ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਨਾਲ ਸਬੰਧਤ ਸਰਕਾਰੀ/ਗੈਰ ਸਰਕਾਰੀ ਮਾਨਤਾ ਪ੍ਰਾਪਤ ਸੀਨੀਅਰ ਸੈਕੰਡਰੀ ਸਕੂਲਾਂ/ਕਾਲਜਾਂ/ਯੂਨੀਵਰਸਿਟੀਜ ਸਮੇਤ ਰਿਹਾਇਸ਼ੀ ਸੰਸਥਾਵਾਂ, ਪਾਲਿਟੈਕਨਿਕ ਕਾਲਜ, ਆਈ.ਟੀ.ਆਈਜ, ਉਦਯੋਗਿਕ ਸਿਖਲਾਈ ਸੈਂਟਰ ਜੋ ਕਿ ਐਨ.ਸੀ.ਵੀ.ਟੀ. ਵਲੋਂ ਮਾਨਤਾ ਪ੍ਰਾਪਤ, ਸਮਰੱਥ ਅਧਿਕਾਰੀ ਵਲੋਂ ਪ੍ਰਵਾਨਤ ਹੋਣ, ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਿਦਿਅਕ ਸ਼ੈਸ਼ਨ 2018-19 ਦੌਰਾਨ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਕਾਲਰਸ਼ਿਪ ਦੇਣ ਲਈ ਆਨ-ਲਾਈਨ ਦਰਖਾਸਤਾਂ ਨੈਸ਼ਨਲ ਸਕਾਲਰਸ਼ਿਪ ਪੋਰਟਲ URL:www.scholarships.gov.in. ਵੈਬ-ਸਾਈਟ ਤੇ ਮੰਗੀਆਂ ਜਾਂਦੀਆਂ ਹਨ। ਇਹ ਸਕੀਮ 100% ਕੇਂਦਰੀ ਪ੍ਰਯੋਜਿਤ ਸਕੀਮ ਦੇ ਤੌਰ ਤੇ ਲਾਗੂ ਕੀਤੀ ਜਾ ਰਹੀ ਹੈ।

**ਸਕਾਲਰਸ਼ਿਪ ਦੇਣ ਸਬੰਧੀ ਯੋਗਤਾ ਦਾ ਮਾਪ-ਦੰਡ/ਸ਼ਰਤਾਂ**

1) ਵਿਦਿਆਰਥੀ ਦੇ ਮਾਪਿਆਂ ਦੀ ਸਲਾਨਾ ਆਮਦਨ 2.00 ਲੱਖ ਰੁਪਏ ਤੋਂ ਵੱਧ ਨਾ ਹੋਵੇ;
2) ਪੂਰਵਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਮਿਲੇਗਾ ;
3) ਇੱਕ ਪਰਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤਾ ਜਾਵੇਗਾ;
4) ਇਸ ਸਕੀਮ ਅਧੀਨ ਸਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਵੀ ਹੋਰ ਸਕੀਮ ਅਧੀਨ ਅਜਿਹਾ ਲਾਭ ਪ੍ਰਾਪਤ ਨਹੀਂ ਕਰੇਗਾ;
5) ਵਿਦਿਆਰਥੀ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ;
6) ਰਿਨਿਊਅਲ ਸਕਾਲਰਸ਼ਿਪ ਲੈਣ ਲਈ ਉਹ ਵਿਦਿਆਰਥੀ ਹੱਕਦਾਰ ਹੋਣਗੇ ਜਿਨ੍ਹਾਂ ਨੇ ਪੂਰਵਲੇ ਇਮਤਿਹਾਨ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਕੀਤੇ ਹੋਣ;
7) ਆਮਦਨ ਸਰਟੀਫਿਕੇਟ ਸਬੰਧੀ ਸਵੈ-ਰੁਜ਼ਗਾਰ ਮਾਪੇ/ਸਰਪ੍ਰਸਤ ਆਮਦਨ ਸਬੰਧੀ ਨਾਨ-ਜੁਡੀਸ਼ੀਅਲ ਸਟੈਂਪ ਪੇਪਰ ਤੇ ਬਿਆਨ ਹਲਫੀਆ ਦੀ ਸ਼ਕਲ ਵਿੱਚ ਸੈਲਫ ਸਰਟੀਫਿਕੇਸ਼ਨ ਦੇ ਸਕਦਾ ਹੈ ਅਤੇ ਨੌਕਰੀ ਕਰਨ ਵਾਲੇ ਮਾਪੇ/ਸਰਪ੍ਰਸਤ ਨਿਯੁਕਤੀ ਕਰਤਾ ਅਧਿਕਾਰੀ ਵਲੋਂ ਜਾਰੀ ਕੀਤਾ ਆਮਦਨ ਸਰਟੀਫਿਕੇਟ ਪੇਸ਼ ਕਰਨਗੇ।

**ਸਕਾਲਰਸ਼ਿਪ ਦੇ ਰੇਟ**

| ਲੜੀ ਨੰ: | ਕੋਰਸ ਦਾ ਵੇਰਵਾ | ਹੋਸਟਲਰ ਲਈ ਵਜ਼ੀਫਾ | ਡੇ-ਸਕਾਲਰ ਲਈ ਵਜ਼ੀਫਾ |
|---|---|---|---|
| 1. | 11ਵੀਂ ਅਤੇ 12ਵੀਂ ਕਲਾਸਾਂ ਵਾਸਤੇ ਦਾਖਲਾ ਅਤੇ ਟਿਊਸ਼ਨ ਫੀਸ | ਅਸਲ ਜਾਂ ਵੱਧ ਤੋਂ ਵੱਧ 7000/- ਰੁਪਏ ਸਲਾਨਾ | ਅਸਲ ਜਾਂ ਵੱਧ ਤੋਂ ਵੱਧ 7000/- ਰੁਪਏ ਸਲਾਨਾ |
| 2. | 11ਵੀਂ ਅਤੇ 12ਵੀਂ ਪੱਧਰ ਦੇ ਤਕਨੀਕੀ ਵੋਕੇਸ਼ਨਲ ਕੋਰਸਾਂ ਕਲਾਸਾਂ ਵਾਸਤੇ ਦਾਖਲਾ ਅਤੇ ਟਿਊਸ਼ਨ/ਕੋਰਸ ਫੀਸ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖਰਚਾ | ਅਸਲ ਜਾਂ ਵੱਧ ਤੋਂ ਵੱਧ 10,000/- ਰੁਪਏ ਸਲਾਨਾ | ਅਸਲ ਜਾਂ ਵੱਧ ਤੋਂ ਵੱਧ 10,000/- ਰੁਪਏ ਸਲਾਨਾ |
| 3. | ਅੰਡਰ ਗਰੈਜੂਏਟ/ਪੋਸਟ ਗਰੈਜੂਏਟ ਵਾਸਤੇ ਦਾਖਲਾ ਅਤੇ ਟਿਊਸ਼ਨ ਫੀਸ | ਅਸਲ ਜਾਂ ਵੱਧ ਤੋਂ ਵੱਧ 3000/- ਰੁਪਏ ਸਲਾਨਾ | ਅਸਲ ਜਾਂ ਵੱਧ ਤੋਂ ਵੱਧ 3000/- ਰੁਪਏ ਸਲਾਨਾ |
| 4. | ਮੇਨਟੇਨੈਂਸ ਅਲਾਊਂਸ (ਸਕਾਲਰਸ਼ਿਪ) ਇੱਕ ਵਿਦਿਅਕ ਸ਼ੈਸ਼ਨ ਵਿੱਚ 10 ਮਹੀਨਿਆਂ ਵਾਸਤੇ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖਰਚਾ) | | |
| | I) 11ਵੀਂ ਅਤੇ 12ਵੀਂ ਸਮੇਤ ਇਸ ਪੱਧਰ ਦੇ ਤਕਨੀਕੀ ਵੋਕੇਸ਼ਨਲ ਕੋਰਸ | 380/- ਰੁਪਏ ਪ੍ਰਤੀ ਮਹੀਨਾ | 230/- ਰੁਪਏ ਪ੍ਰਤੀ ਮਹੀਨਾ |
| | II) ਟੈਕਨੀਕਲ ਅਤੇ ਪ੍ਰੋਫੈਸ਼ਨਲ ਕੋਰਸਾਂ ਤੋਂ ਇਲਾਵਾ ਅੰਡਰ ਗਰੈਜੂਏਟ/ਪੋਸਟ ਗਰੈਜੂਏਟ | 570/- ਰੁਪਏ ਪ੍ਰਤੀ ਮਹੀਨਾ | 300/- ਰੁਪਏ ਪ੍ਰਤੀ ਮਹੀਨਾ |
| | III) ਐਮ.ਫਿੱਲ ਅਤੇ ਪੀਐਚ.ਡੀ. (ਉਨ੍ਹਾਂ ਰਿਸਰਚਰਜ ਲਈ ਜਿਨ੍ਹਾਂ ਨੂੰ ਕਿਸੇ ਵੀ ਯੂਨੀਵਰਸਿਟੀ ਜਾਂ ਅਥਾਰਟੀ ਵਲੋਂ ਫੈਲੋਸ਼ਿਪ ਨਾ ਮਿਲੀ ਹੋਵੇ) | 1200/- ਰੁਪਏ ਪ੍ਰਤੀ ਮਹੀਨਾ | 550/- ਰੁਪਏ ਪ੍ਰਤੀ ਮਹੀਨਾ |

**ਫਰੈਸ਼ (ਨਵੇਂ)/ਰਿਨਿਊਅਲ ਦਰਖਾਸਤਾਂ ਸਬੰਧੀ ਸਮਾਂ-ਸੀਮਾ**

**ਫਰੈਸ਼ (ਨਵੇਂ) ਅਤੇ ਰਿਨਿਊਅਲ ਵਿਦਿਆਰਥੀਆਂ ਵਲੋਂ ਆਨ-ਲਾਈਨ ਦਰਖਾਸਤਾਂ ਭੇਜਣ ਦੀ ਆਖਰੀ ਮਿਤੀ 30.09.2018 ਹੈ।**

**ਅਪਲਾਈ ਕਰਨ ਦੀ ਵਿਧੀ**

ੳ) ਯੋਗ ਵਿਦਿਆਰਥੀ ਵੈਬ-ਸਾਈਟ www.scholarships.gov.in. ਤੇ ਆਨ ਲਾਈਨ ਅਪਲਾਈ ਕਰ ਸਕਦੇ ਹਨ। ਵਿਦਿਆਰਥੀ ਆਪਣੇ ਸਕੂਲ/ਕਾਲਜ/ਸੰਸਥਾ ਨੂੰ ਆਨ-ਲਾਈਨ ਦਰਖਾਸਤ ਭੇਜਣਗੇ ਅਤੇ ਫਰੈਸ਼ ਵਿਦਿਆਰਥੀ ਉਸ ਦਾ ਪ੍ਰਿੰਟ ਲੈਣਗੇ। ਇਹ ਪ੍ਰਿੰਟ ਸਮੇਤ ਲੋੜੀਂਦੇ ਦਸਤਾਵੇਜ (ਜਿਵੇਂ ਪ੍ਰਿੰਟ-ਆਊਟ ਵਿੱਚ ਦਰਜ ਹੈ) ਸਬੰਧਤ ਸੰਸਥਾ ਨੂੰ ਭੇਜੇ ਜਾਣਗੇ। ਵਿਦਿਆਰਥੀ ਨੂੰ ਪਰਮਾਨੈਂਟ ਆਈ.ਡੀ. ਮਿਲੇਗੀ, ਜਿਸ ਨੂੰ ਉਹ ਭਵਿੱਖ ਵਿੱਚ ਲਿਖਾ-ਪੜ੍ਹੀ ਕਰਨ ਲਈ ਆਪਣੇ ਪਾਸ ਰੱਖੇਗਾ। ਵਿਦਿਆਰਥੀ ਦਰਖਾਸਤ ਦੇਣ ਸਮੇਂ ਲੋੜੀਂਦੇ ਸਕੈਨਡ ਦਸਤਾਵੇਜ ਅਪ-ਲੋਡ ਕਰਨਗੇ।

ਅ) ਸਕੂਲਾਂ/ਕਾਲਜਾਂ/ਸੰਸਥਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ 15 ਅਗਸਤ, 2018 ਤੱਕ ਐਨ.ਐਸੀ.ਪੀ ਪੋਰਟਲ ਤੇ ਆਪਣੇ ਕੋਰਸ ਦੇ ਵੇਰਵੇ ਖੁਦ ਰਜਿਸਟਡ ਕਰਵਾਏ ਤਾਂ ਜੋ ਵਿਦਿਆਰਥੀ ਉਥੇ ਅਰਜੀ ਦੇ ਸਕਣ ਅਤੇ ਉਹ ਬਿਨਾਂ ਕਿਸੇ ਦੇਰੀ ਦੇ ਪੋਰਟਲ ਤੇ ਇਸ ਦੀ ਪੁਸ਼ਟੀ ਕਰ ਸਕਦੇ ਹਨ। ਸੰਸਥਾਂਵਾ ਇਨ੍ਹਾਂ ਸਾਰੀਆਂ ਦਰਖਾਸਤਾਂ ਨੂੰ ਉਸੇ ਵੈਬਸਾਈਟ ਤੇ ਯੂਜਰ.ਆਈ.ਡੀ ਅਤੇ ਪਾਸਵਰਡ ( ਜੋ ਪਹਿਲਾਂ ਭਲਾਈ ਵਿਭਾਗ ਦੁਆਰਾ ਮੁਹੱਈਆ ਕਰਵਾਇਆ ਗਿਆ ਹੈ) ਨਾਲ ਲਾਗ-ਇਨ ਕਰਕੇ ਆਨਲਾਈਨ ਹੀ ਫਾਰਵਰਡ ਕਰੇਗਾ। ਸਾਰੀਆਂ ਸੰਸਥਾਵਾਂ ਦੇ ਨੋਡਲ ਅਫਸਰਾਂ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਯੂਜਰ.ਆਈ.ਡੀ ਅਤੇ ਪਾਸਵਰਡ ਦਾ ਖੁਲਾਸਾ ਨਾ ਕੀਤਾ ਜਾਵੇ।

ਨੋਟ:-1) ਇਹ ਸਕਾਲਰਸ਼ਿਪ ਸਕੀਮ ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਲਾਗੂ ਕੀਤੀ ਜਾ ਰਹੀ ਵਿਅਕਤੀਗਤ ਲਾਭਪਾਤਰੀ ਸਕੀਮ ਹੈ ਅਤੇ ਸਿੱਧੇ ਬੈਨੀਫਿਟ ਟ੍ਰਾਂਸਫਰ (ਡੀ.ਬੀ.ਟੀ.) ਮੋਡ ਅਧੀਨ ਲਾਭਪਾਤਰੀਆਂ ਨੂੰ ਸਾਰਾ ਵਜੀਫਾ ਦਿੱਤਾ ਜਾਂਦਾ ਹੈ। ਇਸ ਦੇ ਸਬੰਧ ਵਿੱਚ, ਇਹ ਕਿਹਾ ਗਿਆ ਹੈ ਕਿ ਲਾਭਪਾਤਰੀ ਦੀ ਪਛਾਣ ਯੂ.ਆਈ.ਡੀ/ ਅਧਾਰ ਨੰਬਰ ਨਾਲ ਹੈ, ਇਸ ਸਮੇਂ ਇਹ ਲਾਜਮੀ ਨਹੀਂ ਹੈ। ਹਾਲਾਂਕਿ, ਸੈਕਸ਼ਨ-7 ਆਫ ਅਧਾਰ (ਵਿੱਤੀ ਅਤੇ ਹੋਰ ਸਬਸਿਡੀ ਦਾ ਸਰਵਿਸ ਡਿਲੇਵਰੀ, ਇੱਕ ਸੇਵਾਵਾਂ ਦਾ ਲਾਭ) ਐਕਟ, 2016 (18 ਆਫ 2016) ਦੇ ਤਹਿਤ (ਇਸ ਸਕੀਮ ਦੇ ਸਬੰਧ ਵਿੱਚ) ਗਜ਼ਟ ਨੋਟੀਫਿਕੇਸ਼ਨ ਨੂੰ ਸੂਚਿਤ ਕੀਤਾ ਗਿਆ ਹੈ ( ਗਜ਼ਟ ਨੋਟੀਫਿਕੇਸ਼ਨ ਦੀ ਇੱਕ ਕਾਪੀ S.O.1284 (E) (No.1137) ਮਿਤੀ 21.04.2017) ਕਿ ਯੋਗਤਾ ਪ੍ਰਾਪਤ ਵਿਦਿਆਰਥੀਆਂ ਲਈ ਸਕਾਲਰਸ਼ਿਪ ਲਈ ਅਰਜੀ ਦੇਣ ਵੇਲੇ ਅਧਾਰ ਨੰ: ਪ੍ਰਦਾਨ ਕਰਨਾਂ ਜ਼ਰੂਰੀ ਹੋਵੇਗਾ ਅਤੇ ਜੇਕਰ ਕਿਸੇ ਵਿਅਕਤੀ ਕੋਲ ਅਧਾਰ ਨਹੀਂ ਹੈ ਤਾਂ ਉਹ ਵਿਕਲਪਕ ਪਛਾਣ ਦਸਤਾਵੇਜਾਂ ਦਾ ਵੇਰਵਾ ਦੇ ਸਕਦਾ ਹੈ।

2) ਵਿਦਿਆਰਥੀਆਂ/ਸੰਸਥਾਵਾਂ ਨੂੰ **ਐਫ.ਏ.ਕਿਊਜ ਅਤੇ ਸੰਸਥਾਵਾਂ ਲਈ ਸੂਚਨਾ** ਜੋ ਕਿ ਵੈਬ-ਸਾਈਟ ਦੇ ਹੋਮ-ਪੇਜ ਤੇ ਉਪਲਬੱਧ ਹੈ, ਨੂੰ ਆਨ-ਲਾਈਨ ਅਪਲਾਈ ਕਰਨ ਅਤੇ ਸੰਸਥਾ ਵਲੋਂ ਸਕਰੂਟਿਨੀ ਕਰਨ ਸਮੇਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।

3) ਸੰਸਥਾਵਾਂ ਆਪਣੇ ਪੱਧਰ ਤੇ ਵਿਦਿਆਰਥੀਆਂ ਦੇ ਲੋੜੀਂਦੇ ਦਸਤਾਵੇਜਾਂ ਸਮੇਤ ਆਨਲਾਈਨ ਅਰਜੀਆਂ ਦੀਆਂ ਹਾਰਡ ਕਾਪੀਆਂ ਰੱਖਣਗੀਆਂ ਅਤੇ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਭਲਾਈ ਵਿਭਾਗ ਨੂੰ ਆਨਲਾਈਨ ਅਰਜੀਆਂ ਭੇਜਣਗੀਆਂ।

4) ਮੈਨੂਅਲ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਹੋਰ ਵਧੇਰੀ ਜਾਣਕਾਰੀ ਲਈ, ਵੈਬ-ਸਾਈਟ www.minorityaffairs.gov.in. ਵੇਖੋ, ਸਵਾਲ/ ਸਪੱਸ਼ਟੀਕਰਨ ਅਤੇ ਨਵੀਆਂ ਰਜਿਸਟ੍ਰੇਸ਼ਨਜ ਲਈ ਈ-ਮੇਲ ਆਈ.ਡੀ. postmatricpunjab@gmail.com ਜਾਂ ਫੋਨ ਨੰ: 0172-5015857, 7696904322 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਡਾਇਰੈਕਟਰ